# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ

ਵੱਲ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪੰਜਾਬ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਪੰਜਾਬ।
3. ਸਮੂਹ ਸਕੂਲ ਮੁੱਖੀ।
4. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ।

**ਮੀਮੋਨੰ:DySPD (PEDB)/2021/**82365

**ਮਿਤੀ: 07.03.2021**

ਵਿਸ਼ਾ: ਅਧਿਅਪਕਾਂ ਦੀਆਂ ਬਦਲੀਆਂ ਦੀਆਂ ਬੇਨਤੀਆਂ ਡੀ.ਡੀ.ਓ/ਸਕੂਲ ਮੁੱਖੀ ਵਲੋਂ ਤਸਦੀਕ ਕਰਨ ਸਬੰਧੀ।

ਹਵਾਲਾ: ਇਸ ਦਫਤਰ ਦੀ ਮੀਮੋ ਨੰ: **DySPD (PEDB)/2020/115482**, ਮਿਤੀ 18.05.2020 ਅਤੇ **DySPD (PEDB)/2021/40954**, ਮਿਤੀ 06.02.2021, ਮੀਮੋਨੰ: DySPD (PEDB)/2021/ 74017, ਮਿਤੀ: 27.02.2021 ਅਤੇ DySPD (PEDB)/2021/80467, ਮਿਤੀ 04.03.2021

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਪੰਜਾਬ ਸਰਕਾਰ, ਸਿੱਖਿਆ ਵਿਭਾਗ ਦੇ ਪੱਤਰ ਨੰ 11/35/2018-1edu6/1508658, ਮਿਤੀ 25.06.2019 ਰਾਹੀਂ ਅਧਿਆਪਕ ਦੀ Teachers Transfer Policy-2019 ਜਾਰੀ ਕੀਤੀ ਗਈ ਸੀ ਅਤੇ ਉਸ ਉਪਰੰਤ ਸਮੇਂ ਸਮੇਂ ਤੇ ਸੋਧਾਂ ਜਾਰੀ ਕੀਤੀਆਂ ਗਈਆਂ ਸਨ।ਇਸ ਤੋਂ ਇਲਾਵਾ Punjab ICT Education Society (PICTES) ਅਧੀਨ ਕੰਮ ਕਰ ਰਹੇ ਕੰਪਿਊਟਰ ਫੈਕਲਟੀ ਲਈ ਤਬਾਦਲਾ ਨੀਤੀ ਮੀਮੋ ਨੰ 5/3-ICT-2019/Trans/303800, ਮਿਤੀ 13.09.2019 ਅਤੇ Education Provider, EGS/AIE/STR Volunteers ਲਈ ਤਬਾਦਲਾ ਨੀਤੀ ਮੀਮੋ ਨੰ SSA/HR/Transfer/2020/118750 ਮਿਤੀ 22.05.2020 ਜਾਰੀ ਕੀਤੀ ਗਈ ਸੀ। ਜੋ ਸ਼ੋਧਾਂ ਅਧਿਆਪਕਾਂ ਦੇ ਤਬਾਦਲਿਆਂ ਲਈ ਜਾਰੀ ਕੀਤੀਆਂ ਗਈਆਂ ਹਨ ਉਹ ਕੰਪਿਊਟਰ ਫੈਕਲਟੀ ਅਤੇ Education Provider, EGS/AIE/STR Volunteers ਤੇ ਬਦਲੀਆਂ ਲਈ ਲਾਗੂ ਹੋਣਗੀਆਂ।

2.0 ਸਾਲ 2021-22 ਦੌਰਾਨ ਹਵਾਲਾ ਅਧੀਨ ਜਨਤਕ ਸੂਚਨਾਂ ਰਾਹੀਂ ਅਧਿਆਪਕਾਂ, ਕੰਪਿਊਟਰ ਫੈਕਲਟੀ ਅਤੇ Education Provider, EGS/AIE/STR Volunteers ਜੋ ਪਾਲਿਸੀ ਅਨੁਸਾਰ ਕਵਰ ਹੁੰਦੇ ਹਨ ਅਤੇ ਬਦਲੀ ਕਰਵਾਉਣਾ ਚਾਹੁੰਦੇ ਹਨ ਉਹਨਾਂ ਤੋਂ ਬਦਲੀ ਲਈ ਆਨਲਾਈਨ ਬੇਨਤੀਆਂ ਮਿਤੀ 07.03.2021 ਤੱਕ ਮੰਗੀਆਂ ਗਈਆਂ ਸਨ। ਦਰਖਾਸਤਕਰਤਾਵਾਂ ਵਲੋਂ ਈ ਪੰਜਾਬ ਪੋਰਟਲ ਤੇ ਆਪਣੇ ਵੇਰਵੇ ਜਿਵੇਂ ਕਿ General Details, Results, Service Record ਭਰੇ ਹਨ।

**3.0** ਦਰਖਾਸਤ ਕਰਤਾਵਾਂ ਵਲੋਂ ਬਦਲੀ ਲਈ ਬੇਨਤੀ ਕਰਦੇ ਸਮੇਂ ਜੋ ਡਾਟਾ ਭਰਿਆ ਗਿਆ ਹੈ ਉਸ ਦੀ ਤਸਦੀਕ ਸਕੂਲ ਮੁੱਖੀ/ਡੀ.ਡੀ.ਓ ਵਲੋਂ ਮਿਤੀ 08.03.2021 ਤੋਂ 09.03.2021 ਤੱਕ ਕੀਤੀ

ਜਾਣੀ ਹੈ। ਇਸ ਮੰਤਵ ਲਈ ਸਕੂਲ ਮੁੱਖੀ/ਡੀ.ਡੀ.ਓ ਈ ਪੰਜਾਬ ਪੋਰਟਲ ਤੇ ਲਾਗ ਇਨ ਕਰਕੇ Staff Menu ਵਿੱਚ ਦਿੱਤੇ ਲਿੰਕ Transfer and Verification ਤੇ ਜਾ ਕੇ ਦਰਖਾਸਤ ਵਲੋਂ ਭਰੇ ਡਾਟਾ ਜਿਵੇਂ ਕਿ General Details, Results, Service Record ਵੈਰੀਫਾਈ ਕੀਤਾ ਜਾਣਾ ਹੈ। ਵੇਰੀਫਿਕੇਸ਼ਨ ਉਪਰੰਤ ਜੇਕਰ ਰਿਕਾਰਡ ਅਨੁਸਾਰ ਬਿਨੈਕਾਰ ਦੇ ਡਾਟਾ ਵਿੱਚ ਕੋਈ ਤਰੁੱਟੀ ਪਾਈ ਜਾਂਦੀ ਹੈ ਤਾਂ **ਸਕੂਲ ਮੁੱਖੀ/ ਡੀ.ਡੀ.ਓ ਉਸ ਨੂੰ ਆਪਣੀ ਤੱਸਲੀ ਕਰਨ ਉਪਰੰਤ ਦਰੁਸਤ ਕਰਨਾ ਯਕੀਨੀ ਬਣਾਉਣਗੇ।**

**4.0** ਉਪਰੋਕਤ ਤੋਂ ਇਲਾਵਾ ਇਹ ਵੇਖਣ ਵਿੱਚ ਆਇਆ ਹੈ ਕਿ ਬਹੁਤ ਸਾਰੇ **ਸਕੂਲ ਮੁੱਖੀ/ ਡੀ.ਡੀ.ਓ ਵੱਲੋਂ ਹਵਾਲਾ ਅਧੀਨ ਪੱਤਰ ਮਿਤੀ 19.02.2021 ਰਾਹੀਂ ਜੋ ਵੈਰੀਫਿਕੇਸ਼ਨ ਕੀਤੀ ਹੈ ਵਿੱਚ ਬਦਲੀ ਦੀ ਬੇਨਤੀ disapprove** ਕਰਦੇ ਹੋਏ ਜੋ ਵਿਸ਼ੇਸ਼ ਕਥਨ ਦਿੱਤੇ ਹਨ ਜਿਵੇਂ ਕਿ rejected, not approved, data incomplete or ਅਧਿਆਪਕਾਂ ਦੀ ਘਾਟ ਕਾਰਨ। ਆਪ ਨੂੰ ਮੁੜ ਲਿਖਿਆ ਜਾਂਦਾ ਹੈ ਕਿ ਸਕੂਲ ਮੁੱਖੀ/ ਡੀ.ਡੀ.ਓ ਵੱਲੋਂ ਜਿਨ੍ਹਾਂ ਅਧਿਆਪਕਾਂ ਨੇ ਬਦਲੀ ਲਈ ਅਪਲਾਈ ਕੀਤਾ ਹੈ, ਉਨ੍ਹਾਂ ਸਾਰੇ ਅਧਿਆਪਕਾਂ ਦਾ ਡਾਟਾ ਵੈਰੀਫਾਈ ਕੀਤਾ ਜਾਣਾ ਹੈ। ਜੇਕਰ ਡਾਟਾ ਵਿੱਚ ਕੋਈ ਤਰੁੱਟੀ ਹੈ ਤਾਂ ਉਸ ਵਿੱਚ ਸਕੂਲ ਮੁੱਖੀ/ ਡੀ.ਡੀ.ਓ ਵੱਲੋਂ ਰਿਕਾਰਡ ਅਨੁਸਾਰ ਸੋਧ ਕੀਤੀ ਜਾਣੀ ਹੈ। **ਜੇਕਰ ਸਕੂਲ ਮੁੱਖੀ/ ਡੀ.ਡੀ.ਓ ਵੱਲੋਂ ਬਦਲੀ ਦੀ ਬੇਨਤੀ disapprove ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ ਤਾਂ ਉਸ ਦਾ ਸਪਸ਼ਟ ਕਾਰਨ ਵੀ ਦੱਸਿਆ ਜਾਣਾ ਲਾਜਮੀ ਹੈ।**

**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ।**